3643

ਟਰੈਕਟ ਨੰ: ੧/੭੭

# ਸਿੱਖਾਂ ਦੀ ਚੜ੍ਹਦੀ ਕਲਾ
# ਇਸ ਦਾ ਇਤਿਹਾਸਕ ਪਛੋਕੜ

MATA GUJRI LIBRARY
G.T.B. GURDWARA
106 EAST PARK ROAD
LEICESTER
TEL: (0116) 276 0517

ਪ੍ਰੋ: ਗੁਰਬਖ਼ਸ਼ ਸਿੰਘ

ਪ੍ਰਕਾਸ਼ਕ—
**ਕੇਂਦਰੀ ਸ੍ਰੀ ਗੁਰੂ ਸਿੰਘ ਸਭਾ**
**ਗੁਰਦੁਆਰਾ ਰਕਾਬ ਗੰਜ, ਨਵੀਂ ਦਿਲੀ**
ਭੇਟਾ : ੨੦ ਪੈਸੇ

MATA GUJRI LIBRARY
G.T.B. GURDWARA
106 EAST PARK ROAD
LEICESTER
TEL (0) 276 0517

ਪਿਆਰੇ ਪਾਠਕ, ਜੀਓ !

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ ॥

ਇਹ ਪ੍ਰਸੰਨਤਾ ਦੀ ਗੱਲ ਹੈ ਕਿ ਕੇਂਦਰੀ ਸਿੰਘ ਸਭਾ ਨੇ ਲੜੀਵਾਰ ਟ੍ਰੈਕਟ ਛਾਪਣ ਦਾ ਉੱਦਮ ਅਰੰਭਿਆ ਹੈ, ਜਿਸ ਅਧੀਨ ਹਥਲਾ ਟ੍ਰੈਕਟ ਆਪ ਜੀ ਦੀ ਸੇਵਾ ਵਿਚ ਪੇਸ਼ ਹੈ। ਮਨੋਰਥ ਕੇਵਲ ਸਿੱਖ ਸਿਧਾਂਤ, ਇਤਿਹਾਸ ਤੋਂ ਜਾਣੂ ਕਰਵਾਉਣਾ ਹੈ ਤਾਂਕਿ ਆਉਣ ਵਾਲੀਆਂ ਨਸਲਾਂ ਆਪਣੇ ਸਭਿਆਚਾਰ ਤੋਂ ਜਾਣੂ ਹੋ ਸਕਣ।

ਮੈਨੂੰ ਪੂਰੀ ਆਸ ਹੈ ਕਿ ਆਪ ਜੀ ਇਸ ਸਕੀਮ ਵਿਚ ਪੂਰੀ ਦਿਲਚਸਪੀ ਲਉਗੇ ਤੇ ਤਨ, ਮਨ ਤੇ ਧਨ ਨਾਲ ਥੁੜ ਨਾ ਆਉਣ ਦਿਉਗੇ। ਯਾਦ ਰਹੇ ਕਿ ਇਹ ਟ੍ਰੈਕਟ ਪ੍ਰਚਾਰ ਨੂੰ ਮੁੱਖ ਰਖਦੇ ਹੋਏ ਲਾਭ ਜਾਂ ਹਾਲ ਰਹਿਤ ਛਾਪੇ ਜਾਣਗੇ ਅਤੇ ਅਗਲਾ ਟ੍ਰੈਕਟ—'ਸਿੰਘ ਸਭਾ ਅਤੇ ਸਿੱਖ ਰਹਿਤ ਮਰਯਾਦਾ' ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਬਾਗੜੀਆ ਬਾਰੇ ਛਪ ਰਿਹਾ ਹੈ, ਜਿਸ ਲਈ ਆਪਣੀ ਮੰਗ ਭੇਜਣ ਦੀ ਖੇਚਲ ਕਰਨੀ ਜੀ !

**ਦਇਆ ਸਿੰਘ**
ਸਹਾਇਕ ਸਕੱਤ੍ਰ

**ਕੇਂਦਰੀ ਸ੍ਰੀ ਗੁਰੂ ਸਿੰਘ ਸਭਾ**

# ਸਿੱਖਾਂ ਦੀ ਚੜ੍ਹਦੀ ਕਲਾ-
# ਇਸ ਦਾ ਇਤਿਹਾਸਕ ਪਿਛੋਕੜ

ਪ੍ਰੋ: ਗੁਰਬਖਸ਼ ਸਿੰਘ

ਨਿਰਾਸਤਾ ਤੇ ਹੀਨ ਭਾਵਨਾ ਦਾ ਪੂਰਨ ਵਿਨਾਸ਼ ਅਤੇ ਇਨ੍ਹਾਂ ਦੀ ਥਾਂ ਤੇ ਸਵੈ-ਮਾਨ ਤੇ ਆਤਮ-ਵਿਸ਼ਵਾਸ ਦੀ ਉਤਪਤੀ ਮਨੁਖ ਦੀ ਵਿਅਕਤੀਗਤ ਅਤੇ ਸਮੁਚੀ ਸਮਾਜੀ ਪ੍ਰਗਤੀ ਲਈ ਨਿਹਾਇਤ ਆਵਸ਼ਕ ਗੁਣ ਹਨ। ਹਰ ਨਵੇਂ ਅੰਦੋਲਨ ਤੇ ਹਰ ਨਵੇਂ ਧਰਮ ਦੀ ਸਫਲਤਾ ਦਾ ਪ੍ਰਮੁਖ ਆਧਾਰ ਵੀ ਇਹੀ ਗੁਣ ਹੁੰਦੇ ਹਨ। ਹੀਣ ਭਾਵਨਾ ਵਲ ਅਹਿਸਾਸ ਤਾਂ ਮਨੁੱਖ ਲਈ ਇਤਨਾ ਖਤਰਨਾਕ ਹੁੰਦਾ ਹੈ ਕਿ ਇਸ ਨਾਲ ਉਸ ਦਾ ਸਾਰਾ ਵਿਸ਼ਵਾਸ ਨਸ਼ਟ ਹੋ ਜਾਂਦਾ ਹੈ। ਉਸਾਰੂ ਸ਼ਕਤੀਆਂ ਦੀ ਥਾਂ ਢਾਊ ਸ਼ਕਤੀਆਂ ਦੀ ਉਤਪਤੀ ਉਸ ਦੇ ਜੀਵਨ ਨੂੰ ਨਿਰਾਸਤਾ ਦੀਆਂ ਘੁੰਮਣ ਘੇਰੀਆਂ ਵਿਚ ਤਬਾਹ ਕਰ ਦੇਂਦੀ ਹੈ। ਇਹੀ ਕਾਰਣ ਹੈ ਕਿ ਕਿਸੀ ਵਿਅਕਤੀ ਜਾਂ ਸਮੁੱਚੀ ਕੌਮ ਨੂੰ ਖਤਮ ਕਰਨ ਲਈ ਸਭ ਤੋਂ ਵੱਡਾ ਤੇ ਸੁਖਾਲਾ ਰਾਹ ਇਹੀ ਦਸਿਆ ਜਾਂਦਾ ਹੈ ਕਿ ਉਸ ਮਨੁੱਖ ਜਾਂ ਕੌਮ ਅੰਦਰ ਹੀਣ-ਭਾਵਨਾ ਪੈਦਾ ਕਰ ਦਿਤੀ ਜਾਏ। ਫੇਰ ਕਿਸੇ ਢੰਗ ਨਾਲ

ਉਸ ਨੂੰ ਮਾਰਨ ਦੀ ਲੋੜ ਨਹੀਂ ਰਹੇਗੀ । ਉਹ ਮਨੁੱਖ ਤੇ ਉਸ ਦੇ ਨਾਲ ਸਮੁੱਚੀ ਕੌਮ ਆਪਣੇ ਆਪ ਮਰ ਖੱਪ ਜਾਣਗੇ । ਮਨੁੱਖ ਦੇ ਨਿਜੀ ਵਿਅਕਤਿਤ੍ਵ ਤੇ ਕੌਮ ਸਮੁੱਚੇ ਜੀਵਨ ਨੂੰ ਸਫਲ ਬਨਾਉਣ ਲਈ ਹੀਣ ਭਾਵਨਾ ਤੇ ਨਿਰਾਸਤਾ ਦਾ ਅਭਾਵ ਜ਼ਰੂਰੀ ਹੈ । ਇਨ੍ਹਾਂ ਦੇ ਅਭਾਵ ਨਾਲ ਹੀ ਆਤਮ-ਵਿਸ਼ਵਾਸ ਤੇ ਸਵੈ-ਮਾਨ ਜਾਗ ਪੈਂਦੇ ਹਨ ਅਤੇ ਇਹੀ ਦੋ ਗੁਣ ਚੜ੍ਹਦੀ ਕਲਾ ਦੇ ਦੋ ਮੁਢਲੇ ਪ੍ਰਮੁੱਖ ਥੰਮ੍ਹ ਬਣਦੇ ਹਨ ।

ਨਿਜੀ, ਸਮਾਜੀ ਤੇ ਕੌਮੀ ਬ੍ਰਿਧੀ ਲਈ ਵਿਚਾਰਾਂ ਦੀ ਪ੍ਰਬਲਤਾ ਤੇ ਆਸ਼ਾ-ਵਾਦੀ ਭਵਿਖਤ ਦੀ ਇਛਿਆ ਵੀ ਉੱਕਤ ਦੋ ਗੁਣਾਂ ਤੋਂ ਹੀ ਉਪਜਦੀ ਹੈ । ਇਉਂ ਜਿਹੜਾ ਮਨੁੱਖ ਜਾਂ ਜਿਹੜੀ ਕੌਮ ਹੀਣ-ਭਾਵਨਾ ਤੇ ਨਿਰਾਸਤਾ ਦੀਆਂ ਘੁੰਮਣ ਘੇਰੀਆਂ ਵਿਚੋਂ ਨਿਕਲ ਕੇ ਵਿਚਾਰਾਂ ਦੀ ਪ੍ਰਬਲਤਾ ਨਾਲ ਆਸ਼ਾਵਾਦੀ ਭਵਿਖਤ ਵਲ ਪ੍ਰੇਰਿਤ ਹੁੰਦੀ ਹੈ; ਵਾਸਤਵ ਵਿਚ ਉਹੀ ਸਫਲਤਾ ਦੀਆਂ ਸਿਖਰਾਂ ਨੂੰ ਛੂਹਣ ਦੀ ਸਮਰਥਾ ਪੈਦਾ ਕਰਦੀ ਹੈ । ਸਫਲਤਾ ਦੇ ਇਹੀ ਚਾਰੇ ਗੁਣ ਚੜ੍ਹਦੀ ਕਲਾ ਦੇ ਸੰਕਲਪ ਦੇ ਮੁਖ ਅੰਗ ਹਨ । ਸਿਧਾਂਤਕ ਰੂਪ ਵਿਚ ਸਿਖਾਂ ਅੰਦਰ ਚੜ੍ਹਦੀ ਕਲਾ ਦਾ ਜੋ ਸਰੂਪ ਸਵੀਕਾਰ ਕੀਤਾ ਜਾਂਦਾ ਹੈ ਉਹ ਉਕਤ ਗੁਣਾਂ ਤੋਂ ਭਿੰਨ ਨਹੀਂ, ਪਰ ਇਸ ਵਿਚ ਇਕ ਵਿਸ਼ੇਸ਼ਤਾ ਹੈ, ਇਕ ਨਵੇਕਲਾਪਣ ਹੈ ਜੋ ਇਸ ਨੂੰ ਹੋਰਨਾਂ ਕੌਮਾਂ ਵਿਚ ਪਰਵਿਰਤ ਅਜੇਹੇ ਗੁਣ ਨਾਲੋਂ ਨਿਖੇੜਦਾ ਹੈ । ਉਰਦੂ ਦੇ ਸ਼ਾਇਰ ਮੁਹੰਮਦ ਇਕਬਾਲ ਨੇ ਕੌਮ ਦੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਪ੍ਰਗਤੀ ਲਈ ਹਲੂਣਾ ਦੇਣ ਲਈ ਕਿਹਾ ਹੈ :

> ਖ਼ੁਦੀ ਕੋ ਕਰ ਬੁਲੰਦ ਇਤਨਾ ਕਿ ਹਰ ਤਕਦੀਰ ਸੇ ਪਹਿਲੇ
> ਖ਼ੁਦਾ ਬੰਦੇ ਸੇ ਖ਼ੁਦ ਪੂਛੇ ਬਤਾ ਤੇਰੀ ਰਜ਼ਾ ਕਿਆ ਹੈ ।

ਇਥੇ ਇਕਬਾਲ ਮਨੁੱਖ ਨੂੰ ਖ਼ੁਦਾ ਨਾਲੋਂ ਵੀ ਉਚਾ ਵੇਖਣਾ ਚਾਹੁੰਦਾ ਹੈ । ਨਿਰਸੰਦੇਹ ਇਕਬਾਲ ਮਨੁੱਖ ਅੰਦਰ ਅਜੇਹਾ ਆਤਮ-ਵਿਸ਼ਵਾਸ ਤੇ ਸਵੈਮਾਨ ਪੈਦਾ ਕਰਨਾ ਚਾਹੁੰਦਾ ਹੈ ਕਿ ਉਸ ਨੂੰ ਖ਼ੁਦਾ ਦੀ ਆਵਸ਼ਕਤਾ ਹੀ ਨਾ ਰਹੇ । ਸਗੋਂ ਖ਼ੁਦੀ ਉਸ ਦੇ ਮਗਰ ਫਿਰੇ, ਪਰ ਅਜੇਹੇ ਰੱਬ ਰਹਿਤ ਸਵੈਮਾਨ ਤੋਂ ਹੰਕਾਰ ਦੀ ਉਤਪਤੀ ਹੋ ਸਕਦੀ ਹੈ, ਜੋ ਮਨੁੱਖ ਤੇ ਸਮਾਜ ਲਈ ਹਾਨੀਕਾਰਕ ਬਣ ਜਾਂਦਾ ਹੈ । ਰੱਬ ਰਹਿਤ ਮਨੁੱਖ ਤਾਂ ਮਨੁੱਖਤਾ ਦਾ ਹੀ ਵੈਰੀ ਬਣ ਜਾਣਾ

ਸੰਭਵ ਹੁੰਦਾ ਹੈ। ਅਜੋਕੇ ਵਿਗਿਆਨਕ ਯੁਗ ਵਿਚ ਮਨੁਖ ਦੀ ਖੁਸ਼ੀ ਦੇ ਰਾਹ ਵਿਚ ਸਭ ਤੋਂ ਵੱਡਾ ਖਤਰਾ ਇਹੀ ਪ੍ਰਤੀਤ ਕੀਤਾ ਜਾ ਰਿਹਾ ਹੈ। ਪਰ ਇਉਂ ਲਗਦਾ ਹੈ ਕਿ ਸਿਖ ਸਮਾਜ ਨੇ ਇਸ ਖਤਰੇ ਦਾ ਅਹਿਸਾਸ ਅੱਜ ਤੋਂ ਪੰਜ ਸੌ ਵਰ੍ਹੇ ਪਹਿਲਾਂ ਕਰ ਲਿਆ ਸੀ। ਸਿਖ ਧਰਮ ਵਿਚ ਰੱਬ-ਰਹਿਤ ਮਨੁੱਖ ਲਈ ਕੋਈ ਥਾਂ ਨਹੀਂ। ਮਨੁੱਖੀ ਬ੍ਰਿਧੀ ਲਈ ਸਿਖਾਂ ਦੀ ਚੜ੍ਹਦੀ ਕਲਾ ਦੇ ਸੰਕਲਪ ਵਿਚ ਵੀ ਰੱਬੀ ਗੁਣਾਂ ਤੋਂ ਬਿਨਾਂ ਵਿਚਾਰਾਂ ਲਈ ਕੋਈ ਥਾਂ ਨਹੀਂ। ਇਸ ਲਈ ਸਿਖ ਬ੍ਰਿਧੀ ਦੀਆਂ ਕੇਵਲ ਉਨ੍ਹਾਂ ਹੀ ਸਿਖਰਾਂ ਨੂੰ ਛੂਹਣਾ ਲੋਚਦਾ ਹੈ ਜੋ ਇਸ ਨੂੰ ਮਨੁਖਤਾ ਤੇ ਮਨੁਖਾਂ ਦਾ ਵੈਰੀ ਨਾ ਬਨਾਉਣ। ਇਉਂ ਸਿਖਾਂ ਦੀ ਚੜ੍ਹਦੀ ਕਲਾ ਦਾ ਸੰਕਲਪ ਮਨੁੱਖ ਦੇ ਦੈਵੀ ਗੁਣਾਂ ਨਾਲ ਸੀਮਤ ਰਹਿੰਦਾ ਹੈ, ਇਸ ਤੋਂ ਬਾਹਰ ਨਹੀਂ ਨਿਕਲਦਾ। ਚੜ੍ਹਦੀ ਕਲਾ ਦੇ ਸਿਖ ਸੰਕਲਪ ਦੀ ਦੂਜੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਗੁਣਾਂ ਦੀ ਉਤਪਤੀ ਲੜੀਵਾਰ ਭਾਵ ਇਕ ਤੋਂ ਬਾਦ ਦੂਜਾ ਆਦਿ, ਤਰੀਕੇ ਨਾਲ ਨਹੀਂ ਹੁੰਦੀ। ਸਾਰੇ ਗੁਣ ਨਾਲ ਨਾਲ ਉਗਮਦੇ, ਉਸਰਦੇ ਤੇ ਪਲਰਦੇ ਹਨ ਅਤੇ ਇਸੀ ਕਾਰਣ ਪੰਜ ਸੌ ਵਰ੍ਹੇ ਪਹਿਲਾਂ ਜਨਮੀ ਇਸ ਕੌਮ ਦਾ ਇਤਿਹਾਸ ਅੱਜ ਵੀ ਉਤਨਾ ਹੀ ਪ੍ਰਭਾਵ-ਸ਼ਾਲੀ ਹੈ ਜਿੰਨਾ ਇਸ ਦਾ ਉਦੈ ਸੀ। ਉੱਜਲ ਭਵਿਖਤ ਦੀਆਂ ਸ਼ਾਨਦਾਰ ਕੰਧਾਂ ਵਿਚ ਜੇ ਕਿਤੇ ਤਰੇੜਾਂ ਦਿਸਦੀਆਂ ਹੋਣ ਤਾਂ ਉਹ ਚੜ੍ਹਦੀ ਕਲਾ ਦੀ ਥਾਂ ਢਹਿੰਦੀ ਕਲਾ ਦੀਆਂ ਢਾਊ-ਬਿਰਤੀਆਂ ਦੀ ਪ੍ਰਵਿਰਤੀ ਦਾ ਹੀ ਸਿੱਟਾ ਹੋ ਸਕਦੀਆਂ ਹਨ, ਆਚਰਣ ਜਾਂ ਸਿਧਾਂਤ ਵਿਚ ਕਿਸੀ ਕਮਜ਼ੋਰੀ ਜਾਂ ਆਪਤੀ ਦਾ ਸਿੱਟਾ ਨਹੀਂ ਹੋ ਸਕਦੀਆਂ।

ਸਿਖ ਧਰਮ ਦਾ ਪ੍ਰਾਰੰਭ ਗੁਰੂ ਨਾਨਕ ਨਾਲ ਹੋਇਆ ਅਤੇ ਇਸ ਦੇ ਨਾਲ ਹੀ ਸਿਖਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਵੀ ਜਾਗ ਪਿਆ। ਬਦੇਸ਼ੀ ਜਰਵਾਣਿਆਂ ਨੇ ਆਪਣੇ ਪਿਛਲੇ ਪਜ ਸੌ ਵਰ੍ਹਿਆਂ ਦੇ ਰਾਜ ਦੇ ਦੌਰਾਨ ਵਿਰੋਧੀ ਬਹੁ-ਗਿਣਤੀ ਨੂੰ ਆਪਣੇ ਅਧੀਨ ਰਖਣ ਲਈ ਉਨ੍ਹਾਂ ਅੰਦਰ ਭਾਵਨਾ ਨੂੰ ਰਾਜਨੀਤੀ ਤੇ ਦੇਸ਼ ਦੀ ਰਖਿਆ ਦੋਹਾਂ ਚੀਜ਼ਾਂ ਤੋਂ ਸੱਖਣਾ ਰਖਿਆ। ਗੁਰੂ ਨਾਨਕ ਨੇ ਨਿਰਾਸ਼ਤਾ ਦੇ ਅੰਧਕਾਰ ਵਿਚ ਭਟਕਦੀ ਅਤੇ ਹੀਣ ਭਾਵਨਾ ਦਾ ਸ਼ਿਕਾਰ ਹੋਈ ਭਾਰਤੀ ਜਨਤਾ ਅੰਦਰ ਸਵੈ-ਮਾਨ ਤੇ ਆਤਮ-ਵਿਸ਼ਵਾਸ ਪੈਦਾ ਕਰਨ ਲਈ ਦੇਸ਼ ਰਟਨ ਦਾ ਜੋ ਪ੍ਰੋਗਰਾਮ ਬਣਾਇਆ ਅਤੇ ਭਰਮਾਂ ਭੁਲੇਖਿਆਂ ਵਿਚ ਫਸੀ ਮਖਲੂਕਾਤ ਨੂੰ ਸਿੱਧਾ ਰਾਹ ਵਿਖਾਇਆ ਉਹ ਉਸੀ ਚੜ੍ਹਦੀ ਕਲਾ

ਦਾ ਹੀ ਹਿੱਸਾ ਸਨ, ਜਿਸ ਨੇ ਸਿਖਾਂ ਦੇ ਅਗਲੇ ਇਤਿਹਾਸ ਨੂੰ ਪ੍ਰਭਾਵਿਤ ਕਰਨਾਂ ਸੀ। ਬਾਬਾ ਵਿਜਈ ਸੀ ਪਰ ਵਿਜਈ ਨੂੰ ਪਾਪ ਵੀ ਜੰਞ ਲਿਆਉਣ ਵਾਲਾ ਕਹਿਣਾ ਅਤੇ ਜੋਰੀ ਦਾਨ ਮੰਗਣ ਵਾਲਿਆਂ ਦੇ ਰੂਪ ਵਿਚ ਜਨਤਾ ਸਾਹਵੇਂ ਉਨ੍ਹਾਂ ਦਾ ਇਹ ਰੂਪ ਪੇਸ਼ ਕਰਨਾ ਨਿਰਾਸਤਾ ਦੇ ਪਸਾਰ ਨੂੰ ਖਤਮ ਕਰਨਾ ਆਦਿ ਹੀਣ ਭਾਵਨਾ ਨੂੰ ਜੜ੍ਹੋਂ ਉਖੇੜਨਾ ਅਤੇ ਕੌਮ ਅੰਦਰ ਨਵੀਂ ਰੂਹ ਫੂਕਣਾ ਸੀ। ਪੰਜ ਸੌ ਵਰ੍ਹਿਆਂ ਦੀ ਰਾਜਸੀ ਗੁਲਾਮੀ ਵਿਰੁਧ ਇਤਨੀ ਜ਼ੋਰਦਾਰ ਆਵਾਜ਼ ਬੁਲੰਦ ਕਰਨਾ ਸਮੁੱਚੀ ਕੌਮ ਨੂੰ ਚੜ੍ਹਦੀ ਕਲਾ ਵਲ ਪ੍ਰੇਰਿਤ ਕਰਨ ਦੇ ਤੁਲ ਸੀ, ਕੇਵਲ ਰਾਜਸੀ ਗੁਲਾਮੀ ਨਾਲ ਹੀ ਨਿਰਾਸ਼ਤਾ ਪੈਦਾ ਨਹੀਂ ਸੀ ਹੋਈ, ਸਮਾਜੀ ਤੇ ਧਾਰਮਿਕ ਗੁਲਾਮੀ ਉਨੀ ਹੀ ਭਿਆਨਕ ਨਤੀਜੇ ਪੈਦਾ ਕਰ ਰਹੀ ਸੀ। ਗੁਰੂ ਨਾਨਕ ਨੇ ਰਾਜ ਧਰਮ ਤੇ ਸਮਾਜ ਦੇ ਠੇਕੇਦਾਰਾਂ ਦੇ ਉਨ੍ਹਾਂ ਵਿਸ਼ੇਸ਼ ਅਧਿਕਾਰਾਂ ਤੇ ਵੀ ਭਰਪੂਰ ਵਾਰ ਕੀਤੇ, ਜਿਹੜੇ ਜਨਤਾ ਦੀ ਸਮੁੱਚੀ ਪ੍ਰਗਤੀ ਤੇ ਵਿਅਕਤੀਗਤ ਰੂਪ ਵਿਚ ਪ੍ਰਗਤੀ ਦੇ ਰਾਹ ਵਿਚ ਰੋੜਾ ਬਣ ਰਹੇ ਸਨ । ਇਨ੍ਹਾਂ ਠੇਕੇਦਾਰਾਂ ਨੇ ਵੀ ਨਿਰਾਸਤਾ ਦੇ ਨਾਲ ਨਾਲ ਜਨਤਾ ਅੰਦਰ ਹੀਣ ਭਾਵਨਾ ਪੈਦਾ ਕੀਤੀ ਹੋਈ ਸੀ। ਗੁਰੂ ਨਾਨਕ ਨੇ ਪਹਿਲਾਂ ਨਿਰਾਸਤਾ ਤੇ ਹੀਣ ਭਾਵਨਾ ਦਾ ਅਹਿਸਾਸ ਕਰਾਇਆ ਅਤੇ ਫਿਰ ਬ੍ਰਿਧੀ ਲਈ ਨਵਾਂ ਮਾਰਗ ਦਿਖਾਉਣ ਲਈ ਅਮਲੀ ਅਗਵਾਈ 'ਚੜ੍ਹਦੀ ਕਲਾ' ਰਾਹੀਂ ਦਿਤੀ, ਜਿਸ ਨਾਲ ਮਨੁੱਖ ਨੇ ਅਗਾਂਹ ਵਧਣਾ ਸੀ। ਇਸਤ੍ਰੀ ਦਾ ਨਿਰਾਦਰ, ਜੋ ਹੀਣ ਭਾਵਨਾ ਕਾਰਨ ਹੀ ਸ਼ੁਰੂ ਹੋਇਆ ਸੀ (ਇਹ ਮੁਸਲਮਾਨਾਂ ਦੇ ਹਮਲਿਆਂ ਨਾਲ ਸ਼ੁਰੂ ਹੋਇਆ) ਦਾ ਖੰਡਣ ਕਰਨਾ, ਜ਼ਾਤ ਪਾਤ ਦੇ ਵਿਤਕਰਿਆਂ ਨੂੰ ਨਿੰਦਣਾ, ਭੇਖੀ ਪਾਖੰਡੀ ਸਾਧੂ ਫਕੀਰਾਂ ਦੇ ਪਾਜ ਉਘੇੜਨਾ ਅਤੇ ਫਿਰ ਜਨਤਕ ਭਲਾਈ ਲਈ ਸੰਗਤ ਦਾ ਮਹਤਵ ਦਰਸਾਉਣਾ ਆਦਿ ਚੜ੍ਹਦੀ ਕਲਾ ਦੇ ਸੰਕਲਪ ਦਾ ਹੀ ਅਮਲੀ ਸੰਦੇਸ਼ ਬਣੇ। ਗੁਰੁ ਅਰਜਨ ਦੇਵ ਦਾ ਤੱਤੀਆਂ ਤਵੀਆਂ ਤੇ ਬੈਠ ਕੇ ਸਿਰ ਤੇ ਗਰਮ ਰੇਤਾਂ ਪਵਾਉਂਦਿਆਂ ਹੋਏ ਵੀ 'ਤੇਰਾ ਭਾਣਾ ਮੀਠਾ ਲਾਗੈ' ਦੇ ਗੀਤ ਅਲਾਪਨਾ ਉਸੀ ਚੜ੍ਹਦੀ ਕਲਾ ਦੀ ਸਰਬੋਤਮ ਅਮਲੀ ਉਦਾਹਰਣ ਸੀ ਜਿਸ ਨੇ ਕੌਮ ਨੂੰ ਅਜੇ ਹੋਰ ਅਗਾਂਹ ਲਿਜਾਣਾ ਸੀ। ਗੁਰੂ ਅਰਜਨ ਦੇ ਸਿਖਾਂ ਦਾ ਗੁਰੂ ਸਾਹਿਬਾਂ ਨੂੰ ਸੱਚਾ ਪਾਤਸ਼ਾਹ ਕਹਿਣਾ ਵੀ ਚੜ੍ਹਦੀ ਕਲਾ ਨੂੰ ਸਦੀਵਤਾ ਪ੍ਰਦਾਨ ਕਰਨ ਲਈ ਇਕ ਵਿਸ਼ੇਸ਼ ਉਦਮ ਸੀ। ਗੁਰੂ ਹਰਿਗੋਬਿੰਦ ਸਾਹਿਬ ਵਲੋਂ ਮੀਰੀ ਪੀਰੀ

ਦੀ ਨੀਤੀ ਅਪਣਾਉਣਾ, ਅਕਾਲ ਤਖਤ ਦੀ ਸਥਾਪਨਾ ਅਤੇ ਇਸ ਦੀ ਸਥਾਪਨਾ ਲਈ ਜਨਤਾ ਦੇ ਸਹਿਯੋਗ ਨੂੰ ਸ਼ਾਹੀ ਸਹਾਇਤਾ ਦੀ ਪੇਸ਼ਕਸ਼ ਤੋਂ ਤਰਜੀਹ ਦੇਣਾ ਕੌਮ ਅੰਦਰ ਚੜ੍ਹਦੀ ਕਲਾ ਕਾਇਮ ਰਖਣ ਲਈ ਅਹਿਮ ਦ੍ਰਿਸ਼ਟਾਂਤ ਸਨ।

ਜਦ ਨਾਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਗੁਰਗਦੀ ਤੇ ਬਿਰਾਜੇ ਤਾਂ ਮੁਗਲਾਂ ਦੀ ਧਰਮ ਨੀਤੀ ਵਿਚ ਕਟੜਪੁਣੇ ਦਾ ਪਰਿਵਰਤਨ ਆ ਚੁਕਿਆ ਸੀ। ਔਰੰਗਜ਼ੇਬ ਦੀ ਰਾਜਸੀ ਤਾਕਤ ਸਿਖਰਾਂ ਤੇ ਪੁੱਜੀ ਹੋਈ ਸੀ। ਉਹ ਇਸ ਦੀ ਸ਼ਹਿ ਤੇ ਧਾਰਮਿਕ ਜਬਰ ਕਰਨ ਤੇ ਤੁਲਿਆ ਹੋਇਆ ਸੀ। ਦੂਜੇ ਪਾਸੇ ਗੁਰੂ ਤੇਗ ਬਹਾਦਰ ਸਾਹਿਬ ਨਾ ਕਿਸੇ ਨੂੰ ਭੈ ਦੇਣ ਲਈ ਤਿਆਰ ਸਨ ਤੇ ਨਾ ਹੀ ਕਿਸੇ ਦਾ ਭੈ ਮੰਨਣ ਲਈ ਤਿਆਰ ਸਨ। ਸ਼ਾਹ ਤੇ ਦਰਵੇਸ਼ ਦੇ ਇਨ੍ਹਾਂ ਵਿਰੋਧ-ਆਤਮ ਵਿਚਾਰਾਂ ਵਿਚ ਟਕਰ ਨਿਹਾਇਤ ਭਿਆਨਕ ਨਤੀਜੇ ਪੈਦਾ ਕਰ ਸਕਦੀ ਸੀ। ਹੀਣ ਭਾਵਨਾ ਦੇ ਵਸ ਆਇਆ ਮਨੁੱਖ ਕਦੀ ਇਹ ਸਹਿਨ ਕਰਨ ਦੀ ਸਮਰਥਾ ਪੈਦਾ ਨਹੀਂ ਸੀ ਕਰ ਸਕਦਾ ਪਰ ਗੁਰੂ ਤੇਗ ਬਹਾਦਰ ਤੇ ਉਨ੍ਹਾਂ ਦੇ ਸਾਥੀ ਤਾਂ ਚੜ੍ਹਦੀ ਕਲਾ ਵਿਚ ਵਿਸ਼ਵਾਸ ਰਖਦੇ ਸਨ। ਭਾਈ ਦਿਆਲ ਦਾਸ ਨੂੰ ਦੇਗ ਵਿਚ ਉਬਾਲਿਆ ਗਿਆ, ਭਾਈ ਸਤੀ ਦਾਸ ਨੂੰ ਜੀਉਂਦਿਆਂ ਸਾੜ ਦਿਤਾ ਗਿਆ, ਭਾਈ ਮਤੀ ਦਾਸ ਨੂੰ ਆਰੇ ਨਾਲ ਦੋ ਫਾੜ ਕਰ ਦਿਤਾ ਗਿਆ ਅਤੇ ਫਿਰ ਗੁਰੂ ਸਾਹਿਬ ਦਾ ਸਿਰ ਤਲਵਾਰ ਨਾਲ ਕਤਲ ਕਰ ਦਿਤਾ ਗਿਆ, ਪਰ ਨਾ ਤੇ ਇਨ੍ਹਾਂ ਸੂਰਬੀਰਾਂ ਵਿਚ ਨਿਰਾਸਤਾ ਆਈ ਤੇ ਨਾ ਇਨ੍ਹਾਂ ਸਿੱਖਾਂ ਨੇ ਢਾਊ ਵਿਚਾਰਾਂ ਨੂੰ ਲਾਗੇ ਫਟਕਣ ਦਿਤਾ। ਇਹ ਘਟਨਾਵਾਂ ਕੌਮ ਦੀ ਚੜ੍ਹਦੀ ਕਲਾ ਵਿਚ ਸਗੋਂ ਵਧੇਰੀ ਉਤੇਜਨਾ ਪੈਦਾ ਕਰਦੀਆਂ ਰਹੀਆਂ। ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ ਸਿੱਖਾਂ ਦੀ ਚੜ੍ਹਦੀ ਕਲਾ ਦੇ ਦੋ ਰੂਪ ਸਿਧਾਂਤਕ ਤੇ ਅਮਲੀ ਨਾਲ-ਨਾਲ ਤੁਰਦੇ ਰਹੇ। ਸਿਧਾਂਤਕ ਪੱਖ ਨੇ ਸਦਾ ਅਮਲੀ ਜੀਵਨ ਲਈ ਅਗਵਾਈ ਕੀਤੀ ਅਤੇ ਇਸ ਅਮਲੀ ਜੀਵਨ ਵਿਚ ਸਿੱਖ ਕਦੀ ਵੀ ਆਪਣੇ ਦੁਆਲੇ ਸੀਮਤ ਹੱਦ ਬੰਨ੍ਹਿਆਂ ਨੂੰ ਟੱਪ ਕੇ ਅਜਿਹੇ ਵਾਯੂ ਮੰਡਲ ਵਿਚ ਨਹੀਂ ਜਾ ਵੜੇ ਜੋ ਰੱਬੀ ਗੁਣਾਂ ਤੋਂ ਸੱਖਣਾ ਤੇ ਮਨੁੱਖਤਾ ਨਾਲ ਵੈਰ ਕਮਾਉਣ ਵਾਲਾ ਹੋਵੇ। ਗੁਰੂ ਤੇਗ ਬਹਾਦਰ ਦੀ ਸਿੱਖਾਂ ਨੂੰ ਇਹ ਸਿਖਿਆ ਕਿ ਜਿਥੇ ਉਨ੍ਹਾਂ ਲਈ ਨਿਰਭੈ ਹੋਣਾ ਜ਼ਰੂਰੀ ਹੈ

ਉਥੇ ਕਿਸੇ ਹੋਰ ਨੂੰ ਭੈ-ਭੀਤ ਕਰਨ ਤੋਂ ਆਪਣੇ ਆਪ ਨੂੰ ਵਰਜਣਾ ਵੀ ਉਨਾਂ ਹੀ ਜ਼ਰੂਰੀ ਹੈ, ਇਹ ਸਿਖਿਆ ਵਾਸਤਵ ਵਿਚ ਮਨੁੱਖਤਾ ਦੇ ਦੁਸ਼ਮਣ ਤੇ ਰੱਬ-ਰਹਿਤ ਵਾਤਾਵਰਣ ਤੋਂ ਸਿੱਖਾਂ ਨੂੰ ਦੂਰ ਰਹਿਣ ਦਾ ਸੰਦੇਸ਼ ਦੇਂਦੀ ਹੈ।

**ਚੜ੍ਹਦੀ ਕਲਾ ਦਾ ਪੈਗੰਬਰ :—**

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ (੧੬੬੬-੧੭੦੮) ਨੂੰ ਚੜ੍ਹਦੀ ਕਲਾ ਦਾ ਪੈਗੰਬਰ ਕਿਹਾ ਜਾਂਦਾ ਹੈ। ਅਸੀਂ ਜੋ ਕੁਝ ਉਪਰ ਦਸਿਆ ਹੈ ਉਸੇ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ "ਚੜ੍ਹਦੀ ਕਲਾ" ਦਾ ਸੰਕਲਪ ਸਿੱਖ ਧਰਮ ਦੇ ਨਾਲ ਹੋਂਦ ਵਿਚ ਆਇਆ। ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਪਹਿਲਾਂ ਸਾਰੇ ਗੁਰੂ ਸਾਹਿਬਾਨ ਨੇ ਇਸ ਦੇ ਸਿਧਾਂਤਕ ਤੇ ਅਮਲੀ ਪੱਖਾਂ ਨੂੰ ਪਕਿਆਂ ਕਰਨ ਲਈ ਯੋਗ ਦਾਨ ਦਿਤਾ। ਫਿਰ ਗੁਰੂ ਗੋਬਿੰਦ ਸਿੰਘ ਨੂੰ ਚੜ੍ਹਦੀ ਕਲਾ ਦਾ ਪੈਗੰਬਰ ਕਿਉਂ ਕਿਹਾ ਜਾਏ ? ਇਸ ਦਾ ਉੱਤਰ ਬਿਲਕੁਲ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਿਸ ਤੇਜ਼ੀ ਤੇ ਉਤੇਜਨਾ ਨਾਲ ਇਸ ਸੰਕਲਪ ਰਾਹੀਂ ਸਮੁੱਚੀ ਸਿੱਖ ਕੌਮ ਦੇ ਅਮਲੀ ਜੀਵਨ ਦੇ ਹਰ ਪੱਖ ਉਤੇ ਆਪਣੀ ਮੁਹਰ ਛਾਪ ਲਾਈ, ਉਹ ਆਪਣੀ ਮਿਸਾਲ ਆਪ ਹੈ। ਰਾਜਨੀਤਕ ਅਤਿਆਚਾਰਾਂ, ਸਮਾਜਿਕ ਵਿਭਚਾਰਾਂ, ਅਧਿਆਤਮਕ ਭਰਮਾਂ ਭੁਲੇਖਿਆਂ ਕਾਰਨ ਆਗੂਆਂ ਨੇ ਆਪਣਾ ਉਲੂ ਸਿੱਧਾ ਕਰਨ ਲਈ ਜੋ ਦੁਰਾਚਾਰ ਕਰਨੇ ਸ਼ੁਰੂ ਕੀਤੇ ਸਨ, ਉਨ੍ਹਾਂ ਉਤੇ ਸਿੱਖੀ ਦੇ ਪ੍ਰਚਾਰ ਗੁਰੂ ਸਾਹਿਬਾਂ ਦੀ ਕੁਰਬਾਨੀ ਤੇ ਸਿੱਖਾਂ ਦੇ ਤਿਆਗ ਨੇ ਭਰਪੂਰ ਵਾਰ ਕੀਤੇ। ਜਾਗ੍ਰਿਤੀ ਵੀ ਆਈ। ਉਚੇ ਆਦਰਸ਼ ਦੀ ਪ੍ਰਾਪਤੀ ਲਈ ਤਿਆਗ ਦਾ ਸਹੀ ਰਾਹ ਵੀ ਦਿਸਿਆ ਪਰ ਅਜੇ ਵੀ ਹਮਲਾ ਮਾਰਨ ਦੀ ਅਵਸ਼ਕ ਲੋੜ ਸੀ। ਇਸ ਲੋੜ ਨੂੰ ਦਸਮ ਪਾਤਸ਼ਾਹ ਨੇ ਪੂਰਿਆਂ ਕੀਤਾ ਅਤੇ ਸਿੱਖ ਧਰਮ ਨੇ ਜਿਸ ਸਮਾਜੀ ਪਰਿਵਰਤਨ ਲਈ ਜਨਮ ਲਿਆ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਸ ਪਰਿਵਰਤਨ ਦਾ ਅੰਤਮ ਰੂਪ ਸਮਾਜ ਨੂੰ ਵਿਖਾਉਣ ਲਈ ਚੜ੍ਹਦੀ ਕਲਾ ਦੇ ਸੰਕਲਪ ਦਾ ਵੀ ਅੰਤਮ ਰੂਪ ਪੇਸ਼ ਕਰ ਦਿਤਾ। ਇਹ ਰੂਪ ਸੀ ਅੰਮ੍ਰਿਤਧਾਰੀ ਖਾਲਸੇ ਦਾ। ਇਸ ਦਾ ਮੁਖ ਮੰਤਵ ਸਮਾਜ ਦੇ ਹਰ ਖੇਤਰ ਵਿਚ ਬਲ-ਹੀਣ ਨੂੰ ਬਲ ਪ੍ਰਦਾਨ ਕਰਨਾ ਸੀ। ਮੁਸਲਮਾਨਾਂ ਆਪਣੇ ਰਾਜ ਵਿਚ ਹਿੰਦੂਆਂ ਨੂੰ ਫੌਜ ਵਿਚ ਭਰਤੀ

ਹੋਣ ਤੋਂ ਮੁਕਤ ਕਰ ਦਿਤਾ, ਜਿਸ ਨਾਲ ਭਾਰਤੀ ਸਮਾਜ ਇਤਨਾ ਨਿਤਾਣਾ ਹੋ ਚੁਕਿਆ ਸੀ ਕਿ ਮੁਠੀ ਭਰ ਬਦੇਸ਼ੀ ਜਰਵਾਣਿਆਂ ਦੇ ਸਾਹਮਣੇ ਕਰੋੜਾਂ ਦੀ ਗਿਣਤੀ ਵਿਚ ਭਾਰਤੀ ਮਨੁੱਖ ਆਪਣੇ ਆਪ ਨੂੰ ਬਿਲਕੁਲ ਨਿਗੁਣਾ ਤੇ ਸਤਿਆ-ਹੀਣ ਪ੍ਰਤੀਤ ਕਰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਲੋਕਾਂ ਨੂੰ ਚਿੜੀਆਂ ਕਿਹਾ ਪਰ ਬਾਜ਼ਾਂ ਨਾਲ ਲੜਾਉਣ ਦਾ ਉਦਮ ਦਿਤਾ। ਇਕ ਇਕ ਨੂੰ ਸਵਾ ਲੱਖ ਦਾ ਟਾਕਰਾ ਕਰਨ ਦੀ ਹਿੰਮਤ ਬਖਸ਼ੀ। ਜ਼ਾਤ ਪਾਤ ਦੇ ਅਭਿਮਾਨ ਤੋਂ ਉਤਪਨ ਹੋਈ ਦਵੈਤ ਭਾਵਨਾ ਨੇ ਨੀਵੀਂ ਸ਼੍ਰੇਣੀ ਦੇ ਮਨੁੱਖ ਅੰਦਰ ਜੋ ਨੀਚਤਾ ਦਾ ਅਹਿਸਾਸ ਭਰ ਦਿਤਾ ਸੀ, ਉਹ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਵਰਗਾਂ ਨੂੰ ਇਕ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਤੇ ਇਕ ਸੱਤਾ ਤੇ ਲਿਆ ਖੜਾ ਕੀਤਾ। ਹੁਣ ਨੀਚਤਾ ਦਾ ਅਹਿਸਾਸ ਮੁਕ ਗਿਆ। ਹੀਣ-ਭਾਵਨਾ ਖਤਮ ਹੋ ਗਈ। ਇਕ ਨੂੰ ਲੱਖ ਦਾ ਡਰ ਨਾ ਰਿਹਾ। ਸਰਵ ਸਾਂਝੇ ਹਿੱਤਾਂ ਦੀ ਪ੍ਰਾਪਤੀ ਲਈ ਵਿਅਕਤੀਗਤ ਹਿੱਤਾਂ ਨੂੰ ਕੁਰਬਾਨ ਕਰਨ ਦਾ ਸਬਕ ਪਹਿਲਾਂ ਹੀ ਸਿੱਖ ਗੁਰੂ ਦੇ ਚੁਕੇ ਸਨ ਹੁਣ ਇਸ ਆਦਰਸ਼ ਦੀ ਪ੍ਰਾਪਤੀ ਲਈ ਮਨੁੱਖ ਜਾਗ ਪਿਆ। ਜਾਗ੍ਰਿਤੀ ਆ ਗਈ ਤੇ ਜਿਸ ਪਰਿਵਰਤਨ ਲਈ ਸਿੱਖ ਧਰਮ ਦਾ ਉਦੈ ਹੋਇਆ ਸੀ, ਉਸ ਨੂੰ ਅੰਤਮ ਰੂਪ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੇ ਦਿਤਾ। ਇਸ ਸਭ ਕੁਝ ਦਾ ਅਖੀਰ ਚੜ੍ਹਦੀ ਕਲਾ ਉਤੇ ਸੀ। ਗੁਰੂ ਗੋਬਿੰਦ ਸਿਘ ਦੇ ਸਿੱਖਾਂ ਅਤੇ ਮੁਗਲ ਫੌਜਾਂ ਦੀ ਟਕਰ ਕੋਈ ਬਰਾਬਰ ਦੀ ਟਕਰ ਨਹੀਂ ਸੀ। ਇਹ ਸ਼ਾਹ ਤੇ ਦਰਵੇਸ਼ ਦੀ ਟਕਰ ਸੀ। ਇਹ ਗਿਣਤੀ ਵਜੋਂ ਇਕ ਅਸਮਾਨਤਾ ਵਾਲੀ ਟਕਰ ਸੀ। ਪਰ ਹਜ਼ਾਰਾਂ ਦੀ ਗਿਣਤੀ ਵਿਚ ਆਏ ਵਿਰੋਧੀਆਂ ਨਾਲ ਮੁਠੀ ਭਰ ਸਿੱਖਾਂ ਦੀ ਸਫਲ ਟਕਰ ਚੜ੍ਹਦੀ ਕਲਾ ਦੇ ਸਿੱਖ ਸੰਕਲਪ ਦੀ ਹੀ ਰਿਣੀ ਹੈ। ਅਨੰਦਪੁਰ ਦੇ ਕਿਲ੍ਹੇ ਵਿਚੋਂ ਗੁਰੂ ਸਾਹਿਬ ਦਾ ਵਿਕਾਸ ਸਾਹਿਬਜ਼ਾਦਿਆਂ ਦੀ ਸ਼ਹੀਦੀ, ਚਾਲੀ ਮੁਕਤਿਆਂ ਦੀਆਂ ਕੁਰਬਾਨੀਆਂ ਇਸੀ ਚੜ੍ਹਦੀ ਕਲਾ ਦੀਆਂ ਲਾਜਵਾਬ ਉਦਾਹਰਣਾਂ ਹਨ, ਇਨ੍ਹਾਂ ਤੋਂ ਬਿਨਾਂ ਗੁਰੂ ਸਾਹਿਬ ਦਾ ਮੁਗਲ ਸ਼ਹਿਨਸ਼ਾਹ ਨੂੰ ਉਨ੍ਹਾਂ ਹਾਲਾਤਾਂ ਵਿਚ 'ਜ਼ਫਰਨਾਮਾ' ਜਿੱਤ ਦੀ ਚਿਠੀ ਲਿਖਣਾ, ਖਾਲਸੇ ਦੇ ਚੜ੍ਹਦੀ ਕਲਾ ਦੇ ਸੰਕਲਪ ਦੀ ਇਕ ਸਰਬੋਤਮ ਮਿਸਾਲ ਹੈ। ਮੁਕਦੀ ਗੱਲ ਇਹ ਕਿ ਇਸ ਸੰਕਲਪ ਦੁਆਰਾ ਮਨੁੱਖ ਨੂੰ ਮਨੁੱਖਤਾ ਦਾ ਸਹੀ ਅਹਿਸਾਸ ਹੋ ਗਿਆ, ਹੀਣ-ਭਾਵਨਾ

ਉਕਾ ਹੀ ਮੁਕ ਗਈ। ਸਵੈਮਾਨ ਤੇ ਬਲ ਪੈਦਾ ਹੋ ਗਿਆ। ਆਤਮ ਵਿਸ਼ਵਾਸ ਨੇ ਨਿਰਾਸਤਾ ਦੀ ਥਾਂ ਲੈ ਲਈ ਅਤੇ ਮਨੁੱਖ ਹੁਣ ਆਪਣੀ ਬਹੁ-ਪੱਖੀ ਪ੍ਰਗਤੀ ਲਈ ਹਰ ਪ੍ਰਕਾਰ ਦੀਆਂ ਕੁਰਬਾਨੀਆਂ ਦੇਣ ਲਈ ਲੋਹਾ ਲਾਖਾ ਹੋ ਉਠਿਆ।

**ਅਠਾਰਵੀਂ ਸਦੀ ਤੇ ਚੜ੍ਹਦੀ ਕਲਾ ਦੀ ਪ੍ਰਤਿਭਾ :—**

੧੭੦੮ ਵਿਚ ਗੁਰੂ ਗੋਬਿਦ ਸਿਘ ਸਾਹਿਬ ਦੇ ਜੋਤੀ ਜੋਤਿ ਸਮਾਉਣ ਉਪਰੰਤ ਸਿਖਾਂ ਦਾ ਅਗਲਾ ਇਕ ਸੌ ਵਰ੍ਹਿਆਂ ਦਾ ਇਤਿਹਾਸ, ਜੰਗਾਂ ਜੁਧਾਂ, ਅਤਿਅੰਤ ਕਸ਼ਟਾਂ, ਦੁਖਾਂ, ਤਸੀਹਾਂ ਅਤੇ ਮੁਸੀਬਤਾਂ ਦਾ ਸਮਾਂ ਰਿਹਾ। ੧੭੬੭ ਵਿਚ ਅਹਿਮਦ ਸ਼ਾਹ ਦੁਰਾਨੀ ਦੇ ਹਮਲਿਆਂ ਮਗਰੋਂ ਸਿੱਖਾਂ ਨੇ ਪੰਜਾਬ ਉਤੇ ਆਪਣਾ ਰਾਜ ਵੀ ਸਥਾਪਤ ਕਰ ਲਿਆ, ਤਾਂ ਕਿਤੇ ਜਾ ਕੇ ਸਿੱਖਾਂ ਨੂੰ ਸੁਖ ਦਾ ਸਾਹ ਮਿਲਿਆ। ੧੭੦੮ ਵਿਚ ਕੌਮ ਮੁਗ਼ਲਾਂ ਦੀ ਗ਼ੁਲਾਮ ਸੀ। ੧੭੦੮ ਤੋਂ ੧੭੫੨ ਤਕ ਮੁਗ਼ਲਾਂ ਨੇ ਸਿੱਖਾਂ ਦੇ ਸਿਰਾਂ ਦੇ ਮੁਲ ਪਾਏ। ਸਿੱਖ ਅਖਵਾਉਣਾ ਮੌਤ ਨੂੰ ਸੱਦਾ ਦੇਣ ਦੇ ਤੁਲ ਸੀ। ਹਕੂਮਤ ਸਿੱਖਾਂ ਦੇ ਲਹੂ ਦੀ ਤਿਹਾਈ ਸੀ। ਸਾਰੇ ਦੇਸ਼ ਵਿਚ ਇਕ ਇੰਚ ਵੀ ਅਜਿਹੀ ਥਾਂ ਨਹੀਂ ਸੀ ਕਿ ਸਿੱਖ ਸਿਰ ਲੁਕਾ ਸਕਣ। ਜੰਗਲ ਇਨ੍ਹਾਂ ਦਾ ਬਸੇਰਾ ਬਣ ਗਏ। ਇਨ੍ਹਾਂ ਲੋਕਾਂ ਨੇ ਅੰਤ ਮੁਗ਼ਲਾਂ ਨੂੰ ਪੰਜਾਬ ਵਿਚੋਂ ਕੱਢ ਦਿਤਾ ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਸਾਰਾ ਭਾਰਤ ਪੂਰਾ ਇਕ ਸੌ ਵਰ੍ਹੇ ੧੮੫੭ ਤਕ ਮੁਗ਼ਲਾਂ ਦਾ ਗ਼ੁਲਾਮ ਰਿਹਾ ਲੇਕਿਨ ਇਨ੍ਹਾਂ ਭੁਖੇ ਭਾਣੇ ਸਿੱਖਾਂ ਨੇ ਪੰਜਾਬ ਤੋਂ ਮੁਗ਼ਲਾਂ ਦਾ ਜੂਲ੍ਹਾ ਲਾਹ ਦਿਤਾ। ੧੭੫੨ ਵਿਚ ਆਖਰੀ ਮੁਗ਼ਲ ਗਵਰਨਰ ਮੀਰ ਮੰਨੂੰ ਸਿੱਖਾਂ ਨੂੰ ਮਾਰ ਮੁਕਾਣ ਦੀ ਹਸਰਤ ਦਿਲ ਵਿਚ ਲੈ ਮੌਤ ਦੀ ਨੀਂਦਰ ਸੁਲਾ ਦਿੱਤਾ ਗਿਆ ਅਤੇ ਅਗਲੇ ੧੫ ਵਰ੍ਹੇ ਸਿੱਖਾਂ ਨੂੰ ਅਹਿਮਦ ਸ਼ਾਹ ਦੁਰਾਨੀ ਨਾਲ ਲੜਨਾ ਪਿਆ ਪਰ ਅਬਦਾਲੀ ਸਰਦਾਰ ਨੂੰ ਵੀ ਨਿਸ਼ਚਾ ਹੋ ਚੁਕਿਆ ਸੀ ਕਿ ਅੰਤ ਨੂੰ ਮੈਦਾਨ ਸਿੱਖਾਂ ਦੇ ਹੀ ਹੱਥ ਰਹੇਗਾ। ਇਹ ਸੱਠ ਵਰ੍ਹਿਆ ਦਾ ਸਮਾਂ ਅਤਿਅੰਤ ਦੁਖਾਂ ਦਾ ਸਮਾਂ ਸੀ। ਕੇਵਲ ਚੜ੍ਹਦੀ ਕਲਾ ਨੇ ਹੀ ਸਿੱਖਾਂ ਦੇ ਹੌਂਸਲੇ ਕਾਇਮ ਰਖੇ।

ਬੰਦਾ ਬਹਾਦਰ ਦੀ ਅਗਵਾਈ ਹੇਠ ਲੜਦੇ ਸਿੰਘਾਂ ਦੀ ਦ੍ਰਿੜਤਾ, ਉਨ੍ਹਾਂ ਦੀ ਨਿਡਰਤਾ, ਜੁਰਅਤ, ਬਹਾਦਰੀ ਤੇ ਸਾਹਸ ਕੇਵਲ ਚੜ੍ਹਦੀ ਕਲਾ ਨੇ ਹੀ

ਕਾਇਮ ਰਖੇ। ਗੁਰਦਾਸ ਪੁਰ ਦੇ ਲਾਗੇ ਠੱਠੀਆਂ ਦੇ ਅਸਥਾਨ ਤੇ ਸਿੱਖਾਂ ਮੁਗਲਾਂ ਦੀ ਲੜਾਈ ਦਾ ਇਕ ਸਮਕਾਲੀ ਮੁਗ਼ਲ ਕਰਮਚਾਰੀ ਸਿੱਖਾਂ ਦੇ ਚਰਿਤ੍ਰ ਦੀ ਜੋ ਤਸਵੀਰ ਖਿਚਦਾ ਹੈ ਉਹੀ ਉਨ੍ਹਾਂ ਦੇ ਚੜ੍ਹਦੀ ਕਲਾ ਵਿਚ ਅਤੁਟ ਵਿਸ਼ਵਾਸ਼ ਦੀ ਮੂੰਹ ਬੋਲਦੀ ਤਸਵੀਰ ਹੈ। ਉਸ ਅਨੁਸਾਰ ਸਿੱਖ ਭੁਖੇ ਭਾਣੇ ਸਨ। ਉਨ੍ਹਾਂ ਦੇ ਪੈਰਾਂ ਵਿਚ ਛਾਲੇ ਪਏ ਹੋਏ ਸਨ ਪਰ ਉਹ ਕਿਹੜੀ ਬਹਾਦਰੀ ਸੀ ਜਿਹੜੀ ਉਨ੍ਹਾਂ ਨਾ ਕਰ ਵਿਖਾਈ। ਉਨ੍ਹਾਂ ਵਿਚ ਚੀਤੇ ਵਾਲੀ ਤੇਜ਼ ਰਫਤਾਰ ਸੀ। ਉਹ ਉਥੇ ਜਾ ਅਪੜਦੇ ਸਨ ਜਿਥੇ ਤੇਜ਼ ਤੋਂ ਤੇਜ਼ ਰਫਤਾਰ ਘੋੜਾ ਪਹੁੰਚਣ ਤੋਂ ਵੀ ਘਬਰਾਉਂਦਾ ਸੀ। ਉਹ ਘੋੜਿਆਂ ਦੀਆਂ ਪਿਠਾਂ ਤੋਂ ਛਾਲਾਂ ਮਾਰ ਹਾਥੀਆਂ ਤੇ ਜਾ ਚੜ੍ਹਦੇ ਅਤੇ ਹੌਦਿਆਂ ਵਿਚ ਬੈਠਿਆਂ ਨੂੰ ਹੇਠਾਂ ਵਗਾਹ ਮਾਰਦੇ। ਉਨ੍ਹਾਂ ਦੀ ਬਹਾਦਰੀ ਵੇਖ ਬਲਵਾਨ ਤੋਂ ਬਲਵਾਨ ਮੁਗ਼ਲ ਕਮਾਂਡਰ ਸਿੱਖਾਂ ਨਾਲ ਲੜਨ ਤੋਂ ਕੰਨੀ ਕਤਰਾਉਂਦੇ ਸਨ। ਗੁਰਦਾਸ ਨੰਗਲ ਦੇ ਘੇਰੇ ਦੇ ਦੌਰਾਨ ਜਦ ਗੜ੍ਹੀ ਅੰਦਰ ਪਾਣੀ ਤੇ ਖਾਣਾ ਦਾਣਾ ਮੁਕ ਗਿਆ ਅਤੇ ਖੂਹਾਂ ਵਿਚ ਪਾਣੀ ਦੀ ਥਾਂ ਤੇ ਗਾਰ ਨਿਕਲਣ ਲਗੀ। ਰੁਖਾਂ ਦੇ ਪੱਤੇ ਮੁੱਕ ਗਏ। ਇਹੋ ਜਿਹੇ ਵੇਲੇ ਜੇ ਕਿਤੇ ਕੋਈ ਸਿੱਖ ਫੜਿਆ ਜਾਂਦਾ ਤਾਂ ਕਿਲ੍ਹੇ ਵਿਚ ਰਸਦ ਬਾਰੇ ਮੁਗ਼ਲਾਂ ਦੇ ਸਵਾਲਾਂ ਦਾ ਜਵਾਬ ਦੇਣ ਲਗਿਆਂ ਉਹ ਇਹੀ ਕਹਿੰਦਾ ਕਿ ਜਦ ਤਕ ਮੁਗਲਾਂ ਦੀ ਗੜ੍ਹੀ ਅੰਦਰ ਰੁਖ ਦਿਸਦੇ ਹਨ, ਸਿੱਖਾਂ ਨੂੰ ਰਸਦ ਦੀ ਥੁੜ ਨਹੀਂ ਰਹੇਗੀ। ਅਜਿਹੇ ਹਾਲਾਤ ਵਿਚ ਵੀ ਸਿੱਖਾਂ ਨੇ ਗੜ੍ਹੀ ਦੇ ਬੂਹੇ ਉਨਾਂ ਚਿਰ ਤਕ ਨਾ ਖੋਲੇ ਜਦ ਤਕ ਮੁਗ਼ਲ ਗਵਰਨਰ ਤੋਂ ਆਪਣੇ ਮੁਤਾਲਬੇ ਨਾ ਮਨਵਾ ਲਏ। ਇੰਨੀ ਦ੍ਰਿੜਤਾ, ਬਹਾਦਰੀ ਤੇ ਦਿਮਾਗੀ ਚੇਤੰਨਤਾ ਦੀ ਸਥਿਰਤਾ ਕੇਵਲ ਚੜ੍ਹਦੀ ਕਲਾ ਨਾਲ ਉਪਜ ਸਕਦੀ ਸੀ। ਇਨ੍ਹਾਂ ਸਿੱਖਾਂ ਨੂੰ ਯਕੀਨ ਵੀ ਨਹੀਂ ਆ ਸਕਦਾ ਸੀ ਕਿ ਉਹ ਹਾਰ ਜਾਣਗੇ। ਉਹ ਔਖੇ ਤੋਂ ਔਖੇ ਹਾਲਾਤ ਵਿਚ ਵੀ ਜਿਤ ਦੇ ਸੁਪਨੇ ਲੈਂਦੇ ਸਨ। ਇਉਂ ਦੁਖਾਂ ਤੇ ਮੁਸੀਬਤਾਂ ਵਿਚ ਫਸੇ ਹੋਇਆਂ ਤੋਂ ਦੁਖ ਤੇ ਮੁਸੀਬਤਾਂ ਵੀ ਦੂਰ ਭੱਜ ਜਾਂਦੀਆਂ ਸਨ। ਚੜ੍ਹਦੀ ਕਲਾ ਦੇ ਅਜਿਹੇ ਦ੍ਰਿਸ਼ ਕਿਸੀ ਫੋਕੇ, ਆਦਰਸ਼ ਤੇ ਕਾਇਮ ਨਹੀਂ ਹੋ ਸਕਦੇ। ਇਹੀ ਕਾਰਨ ਹੈ ਕਿ ਬੰਦਾ ਬਹਾਦਰ ਨੇ ਜਦ ਜਿੱਤ ਨੂੰ ਆਪਣਾ ਆਦਰਸ਼ ਬਣਾ ਲਿਆ ਤਾਂ ਪਹਿਲਾ ਕੰਮ ਜੋ ਉਸ ਨੇ ਚੜ੍ਹਦੀ ਕਲਾ ਵਿਚ ਰੱਬੀ ਸਤਿਆ ਕਾਇਮ ਰਖਣ ਲਈ ਕੀਤਾ, ਉਹ ਸੀ ਲੋਕ ਪ੍ਰਿਯ

ਰਾਜਨੀਤਕ ਆਦਰਸ਼ ਲੋਕਾਂ ਸਾਹਮਣੇ ਰਖਣਾ। ਇਸ ਆਦਰਸ਼ ਵਿਚ ਨਿਜੀ ਤੇ ਸਵਾਰਥੀ ਭਾਵਨਾ ਤੋਂ ਕੰਮ ਨਾ ਲਿਆ ਗਿਆ। ਇਹ ਆਦਰਸ਼ ਸਿੱਖ ਰਾਜ ਦੀ ਸਥਾਪਨਾ ਨਹੀਂ ਸੀ, ਸਗੋਂ ਸਤਿਯੁਗ ਦੀ ਸਥਾਪਨਾ ਸੀ। 'ਸਤਿਯੁਗ' ਉਹੀ ਨਿਸ਼ਾਨਾ ਸੀ ਜਿਸ ਨੇ ਮਗਰੋਂ ਰਣਜੀਤ ਸਿੰਘ ਦੇ ਹੱਥਾਂ ਵਿਚ ਧਰਮ ਨਿਰਪਖਤਾ ਦਾ ਰੂਪ ਧਾਰਨ ਕੀਤਾ। ਚੜ੍ਹਦੀ ਕਲਾ ਨੇ ਸਿੱਖਾਂ ਤੋਂ ਭੈ ਦੂਰ ਰਖਿਆ ਅਤੇ ਭੈ ਦੇ ਵਿਨਾਸ਼ ਨਾਲ ਸੁਆਰਥੀ ਭਾਵਨਾ ਦਾ ਵੀ ਵਿਨਾਸ਼ ਹੋ ਗਿਆ ਅਤੇ ਚੜ੍ਹਦੀ ਕਲਾ ਨੇ ਸਿੱਖ ਨੂੰ ਮਨੁੱਖਤਾ ਦਾ ਇਕ ਅਤਿ ਸੁੰਦਰ ਤੇ ਉਚਾ ਸਰੂਪ ਪਰਵਾਨ ਕਰ ਦਿਤਾ।

ਬੰਦਾ ਬਹਾਦਰ ਦੀ ਧੋਖੇ ਨਾਲ ਗਰਿਫਤਾਰੀ ਅਤੇ ਧੋਖੇ ਨਾਲ ਉਸ ਦੀ ਅਤੇ ਉਸ ਹਜ਼ਾਰਾਂ ਸਾਥੀਆਂ ਦੀ ਸ਼ਹੀਦੀ ਮਗਰੋਂ ਵੀ ਜਦ ਸਿੱਖਾਂ ਨੂੰ ਕੋਈ ਔਕੜ ਪਈ ਚੜ੍ਹਦੀ ਕਲਾ ਨੇ ਸਦਾ ਉਨ੍ਹਾਂ ਦਾ ਅਟੁਟ ਸਾਥ ਦਿਤਾ। ਭਾਈ ਤਾਰਾ ਸਿੰਘ ਵਾਂ ਦੇ ਕਲਿਆਂ ਮੁਗਲ ਫੌਜਾਂ ਨਾਲ ਦੋ ਦੋ ਹੱਥ ਕਰਨੇ, ਭਾਈ ਤਾਰੂ ਸਿੰਘ ਦਾ ਖੋਪਰੀ ਲੁਹਾ ਦੇਣਾ, ਭਾਈ ਮਨੀ ਸਿੰਘ ਦਾ ਬੰਦ ਬੰਦ ਕਟਵਾ ਦੇਣਾ, ਬੀਬੀਆਂ ਦਾ ਆਪਣੇ ਬੱਚਿਆਂ ਨੂੰ ਟੋਟੇ-ਟੋਟੇ ਕਰਾ ਕੇ ਝੋਲੀਆਂ ਵਿਚ ਪੁਆ ਲੈਣਾ ਪਰ ਸਿਦਕੋਂ ਨਾ ਡੋਲਨਾ ਅਤੇ ਆਪਣੇ ਆਸ਼ੇ ਦੀ ਪੂਰਤੀ ਵਿਚ ਦ੍ਰਿੜ ਵਿਸ਼ਵਾਸ਼ ਰਖਣਾ ਉਨ੍ਹਾਂ ਦੇ ਚੜ੍ਹਦੀ ਕਲਾ ਦੇ ਸਿਧਾਂਤ ਵਿਚ ਵਿਸ਼ਵਾਸ਼ ਦਾ ਹੀ ਸਿਟਾ ਸਨ।

ਮੀਰ ਮੰਨੂੰ ਦੇ ਤਸੀਹਾਂ ਕਾਰਨ ਉਸ ਦੀ ਜ਼ੁਲਮ ਦੀ ਦਾਤਰੀ ਸਾਹਮਣੇ ਆਪਣੇ ਆਪ ਨੂੰ ਸੋਟੇ ਕਹਿਣਾ ਜੋ ਜਿਨੇ ਵਢੇ ਜਾਣ ਉਨੇ ਹੀ ਵੱਧਦੇ ਹਨ, ਸਿੱਖਾਂ ਦੀ ਚੜ੍ਹਦੀ ਕਲਾ ਦੀ ਇਕ ਅਜੀਬ ਤੇ ਲਾਜਵਾਬ ਉਦਾਹਰਣ ਹੈ। ਅਹਿਮਦ ਸ਼ਾਹ ਅਬਦਾਲੀ ਨਾਲ ਲੜਾਈਆਂ ਦੇ ਦੌਰਾਨ ਸਿੱਖਾਂ ਨੇ ਚੜ੍ਹਦੀ ਕਲਾ ਨੂੰ ਇਕ ਵਿਸ਼ੇਸ਼ ਵਿਧਾਨ ਦੇ ਰੂਪ ਵਿਚ ਪੇਸ਼ ਕਰ ਦਿਤਾ। ਜੇ ਲੰਗਰ ਮੁਕ ਜਾਏ ਜਾਂ ਰਸਦ ਨਾ ਰਹੇ ਅਤੇ ਭੁਖੇ ਢਿੱਡ ਸਿੱਖ ਉਠ ਖਲੋਣ ਤਾਂ ਉਹ ਸਿੱਖਾਂ ਲਈ ਮਸਤਾਨਾ ਲੰਗਰ ਸੀ। ਮਸਤਾਨਾ ਵਾਸਤਵ ਵਿਚ ਉਸ ਨੂੰ ਕਹਾਂਗੇ ਜਿਥੇ ਭੰਡਾਰ ਕਦੇ ਮੁਕੇ ਹੀ ਨਾ। ਸ਼ਲਗਮ ਉਨ੍ਹਾਂ ਲਈ ਰਾਮ ਬਟੇਰਾ ਸੀ। ਪਿਆਜ਼ ਉਨ੍ਹਾਂ ਲਈ ਰੁਪਾ (ਚਾਂਦੀ) ਪ੍ਰਸਾਦ ਬਣ ਗਿਆ। ਲੜਾਈ ਵਿਚ ਇਕ ਬਾਂਹ

ਕਟਵਾ ਬਹਿਣ ਵਾਲਾ ਸਿੱਖ ਟੁੰਡਾ ਨਹੀਂ ਸੀ, ਲੱਖ ਬਾਂਹਿਆ ਸੀ। ਇਕ ਅੱਖੋਂ ਕਾਣਾ, ਲੱਖ ਨੇਤਰਾ ਸਿਘ ਅਖਵਾਉਣ ਲਗਾ। ਦੋਵੇਂ ਅਖੋਂ ਅੰਨ੍ਹਾ ਸੂਰਮਾ ਸਿਘ ਬਣ ਗਿਆ। ਜੰਗ ਵਿਚੋਂ ਭਜਣ ਵਾਲਾ ਸਿੱਖ ਹਰਨ ਹੋ ਗਿਆ। ਰਾਮ ਰਾਮ ਦੀ ਥਾਂ ਵਾਹਿਗੁਰੂ ਦੀ ਫਤਹ ਇਸ ਲਈ ਬੁਲਾਈ ਜਾਣ ਲਗੀ ਕਿ ਇਸ ਵਿਚ ਚੜ੍ਹਦੀ ਕਲਾ ਦਾ ਦ੍ਰਿਸ਼ ਸਾਹਮਣੇ ਆਉਂਦਾ ਸੀ।

ਚੜ੍ਹਦੀ ਕਲਾ ਦੇ ਅਜਿਹੇ ਵਲਵਲਿਆਂ ਨਾਲ ਸਰਸ਼ਾਰ ਸਿਖਾਂ ਬਾਰੇ ਈਰਾਨੀ ਨੇਤਾ ਨਾਦਰ ਸ਼ਾਹ ਨੇ ਇਹ ਭਵਿਸ਼ ਬਾਣੀ ਕੀਤੀ ਸੀ ਕਿ ਇਹ ਅਵੱਸ਼ ਜ਼ਕਰੀਆ ਖਾਨ ਤੋਂ ਉਸ ਦਾ ਰਾਜ ਖੋਹ ਲੈਣਗੇ ਅਤੇ ਉਸ ਦੀ ਪੇਸ਼ੀਨ ਗੋਈ ਬਿਲਕੁਲ ਸੱਚੀ ਸਿਧ ਹੋਈ। ਸਿੱਖਾਂ ਸਾਹਮਣੇ ਅਹਿਮਦ ਸ਼ਾਹ ਅਬਦਾਲੀ, ਉਸ ਦੇ ਪੁੱਤਰ ਤੈਮੂਰ ਸ਼ਾਹ ਤੇ ਸਿਪਾਹ ਸਲਾਰ ਜਹਾਨ ਖਾਨ, ਉਸ ਦੇ ਪੋਤਰੇ ਜ਼ਮਾਨ ਸ਼ਾਹ ਦੀ ਬੇਬਸੀ ਦੇ ਹੋਰ ਵੀ ਕਈ ਕਾਰਣ ਹੋਣਗੇ ਪਰ ਉਨ੍ਹਾਂ ਦੀ ਸਭ ਤੋਂ ਵਡੀ ਬੇਬਸੀ ਸਿੱਖਾਂ ਦੀ ਆਪਣੀ ਚੜ੍ਹਦੀ ਕਲਾ ਸੀ। ਜਿਸ ਨੇ ਸਿੱਖਾਂ ਵਿਚ ਹੀਣ ਭਾਵਨਾ ਪੈਦਾ ਨਾ ਹੋਣ ਦਿੱਤੀ ਅਤੇ ਉਨ੍ਹਾਂ ਦਾ ਸਵੈਮਾਨ ਵਿਸ਼ਵਾਸ਼ ਬਣਾਈ ਰਖਿਆ।

## ਰਣਜੀਤ ਸਿੰਘ ਕਾਲ ਤੇ ਚੜ੍ਹਦੀ ਕਲਾ :—

ਸਲੁਤਜ ਤੋਂ ਲੈ ਕੇ ਖੈਬਰ ਦੀਆਂ ਪਹਾੜੀਆਂ ਤਕ ਖਾਲਸਈ ਝੰਡੇ ਝੁਲਾਣ ਦਾ ਸੁਪਨਾ ਇਸੀ ਚੜ੍ਹਦੀ ਕਲਾ ਦੇ ਕਾਰਨ ਹੀ ਸਾਕਾਰ ਹੋ ਸਕਿਆ। ਇਹ ਫੋਜੀ ਜਿਤਾਂ ਰਣਜੀਤ ਸਿੰਘ ਕਾਲ ਦੇ ਸਿੱਖਾਂ ਦੀਆਂ ਅਦੁੱਤੀ ਯਾਦਗਾਰਾਂ ਹਨ। ਕਈਆਂ ਦਾ ਕਹਿਣਾ ਹੈ ਕਿ ਰਣਜੀਤ ਸਿੰਘ ਦੀ ਫੋਜ ਦੀ ਸ਼ਕਤੀ ਦਾ ਰਾਜ ਫੋਜ ਨੂੰ ਯੋਰਪੀ ਢੰਗ ਦੀ ਸਿਖਿਆ ਦੇਣਾ ਸੀ। ਫ੍ਰਾਂਸੀਸੀ ਜਰਨੈਲਾਂ ਦੀ ਅਗਵਾਈ ਹੇਠ ਸਿਖ ਫੋਜਾਂ ਵਿਚ ਜੋ ਜ਼ਬਤ ਤੇ ਡਿਸਿਪਲਨ ਪੈਦਾ ਕੀਤਾ ਗਿਆ ਉਹ ਰਣਜੀਤ ਸਿੰਘ ਦੀ ਜਿੱਤਾਂ ਦਾ ਕਾਰਨ ਬਣਿਆ ਪਰ ਇਤਿਹਾਸਕ ਤੋਰ ਤੇ ਇਹ ਤਤ ਸਹੀ ਸਿੱਧ ਨਹੀਂ ਕੀਤਾ ਜਾ ਸਕਦਾ, ਕਿਉਂਕਿ ਰਣਜੀਤ ਸਿੰਘ ਦੀਆਂ ਸਾਰੀਆਂ ਵਡੀਆਂ ਜਿੱਤਾਂ ਯੋਰਪੀ ਜਰਨੈਲਾਂ ਦੇ ਆਗਮਨ ਤੋਂ ਕਾਫੀ ਚਿਰ ਪਹਿਲਾਂ ਉਸ ਨੂੰ ਪ੍ਰਾਪਤ ਹੋ ਚੁਕੀਆਂ ਸਨ। ਇਹ ਵਿਜਈ ਉਹੀ ਅਕਾਲੀ ਯੋਧੇ ਸਨ ਜਿਨ੍ਹਾਂ ਨੂੰ ਯੋਰਪੀ ਜ਼ਬਤ ਦੀ ਥਾਂ ਚੜ੍ਹਦੀ ਕਲਾ ਦੀ ਰਾਹੀਂ

ਆਪਣੀ ਜਿੱਤ ਦਾ ਦ੍ਰਿੜ ਵਿਸ਼ਵਾਸ਼ ਹੋ ਚੁਕਿਆ ਸੀ।

ਪਰ ਰਣਜੀਤ ਸਿੰਘ ਦੀ ਚੜ੍ਹਦੀ ਕਲਾ ਦੀ ਸਭ ਤੋਂ ਵਡੀ ਸਫਲਤਾ ਉਸ ਦੀਆਂ ਫੌਜੀ ਜਿੱਤਾਂ ਨਹੀਂ। ਜਿੱਤਾਂ ਤਾਂ ਖਤਮ ਹੋ ਗਈਆਂ। ਦੇਸ਼ ਫਿਰ ਅੰਗਰੇਜ਼ਾਂ ਦੀ ਗੁਲਾਮੀ ਦਾ ਸ਼ਿਕਾਰ ਹੋ ਗਿਆ ਸਗੋਂ ਫਰਾਂਸ ਦੇ ਪ੍ਰਸਿਧ ਜਰਨੈਲ ਨੈਪੋਲੀਅਨ ਵਾਂਗ ਸਿਵਲ ਆਦਰਸ਼ ਤੇ ਸਿਵਲ ਪ੍ਰਾਪਤੀ ਸੀ। ਚੜ੍ਹਦੀ ਕਲਾ ਨੇ ਬੰਦੇ ਦਾ ਰਾਜਨੀਤਕ ਆਦਰਸ਼ 'ਸਤਿਯੁੱਗ' ਬਣਾਇਆ। ਇਸੇ ਨੇ ਰਣਜੀਤ ਸਿੰਘ ਦਾ ਆਦਰਸ਼ ਧਰਮ ਨਿਰਪੱਖ ਰਾਜ ਦੀ ਸਥਾਪਨਾ ਬਣਾ ਦਿਤਾ। ਜਾਗੀਰਦਾਰੀ ਦੇ ਯੁਗ ਵਿਚ ਰਣਜੀਤ ਸਿੰਘ ਵਲੋਂ ਧਰਮ ਨਿਰਪੱਖ ਰਾਜ ਸਥਾਪਿਤ ਕਰਨਾ ਚੜ੍ਹਦੀ ਕਲਾ ਵਿਚ ਸਿੱਖਾਂ ਦੇ ਅਟੱਲ ਵਿਸ਼ਵਾਸ਼ ਦਾ ਸਬੂਤ ਸੀ। ਇਸ ਦਾ ਦੂਜਾ ਭਾਵ ਇਹ ਹੈ ਕਿ ਰਣਜੀਤ ਸਿੰਘ ਨੇ 'ਚੜ੍ਹਦੀ ਕਲਾ' ਦੇ ਉਸ ਮੁਢਲੇ ਸੰਕਲਪ ਵਿਚ ਕੋਈ ਤਰੇੜ ਨਹੀਂ ਆਉਣ ਦਿਤੀ ਜਿਸ ਨੇ ਇਸ ਦੁਆਲੇ ਧਰਮ ਤੇ ਸਭਿਅਤਾ ਦੀ ਇਕ ਸੀਮਾ ਕਾਇਮ ਕਰ ਦਿਤੀ ਸੀ।

੧੮੪੯ ਵਿਚ ਸਿੱਖ ਰਾਜ ਦੀ ਸਮਾਪਤੀ ਉਪਰੰਤ ਸਿੱਖਾਂ ਅੰਦਰ ਨਿਰਾਸਤਾ ਦਾ ਆਉਣਾ ਅਵੱਸ਼ਕ ਸੀ। ਰਾਜਸੀ ਤਾਕਤ ਖੁਸ ਗਈ ਤੇ ਇਸ ਦੇ ਨਾਲ ਨਾਲ ਧਰਮ ਵਲੋਂ ਵੀ ਬੇ-ਪ੍ਰਤੀਤ ਜਿਹੀ ਆਉਣ ਲਗੀ ਕਿਉਂਕਿ ਧਰਮ ਉਤੇ ਵੀ ਵਾਰ ਹੋਣੇ ਸ਼ੁਰੂ ਹੋ ਗਏ। ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਧਰਮ ਵਲ ਪ੍ਰੇਰਿਤ ਕਰਨ ਮਗਰੋਂ ਅੰਗਰੇਜ਼ਾਂ ਨੇ ਇਹ ਸੋਚਣਾ ਸ਼ੁਰੂ ਕਰ ਦਿਤਾ ਕਿ ਸਿੱਖ ਧਰਮ ਦਾ ਭੋਗ ਪੈ ਜਾਣ ਵਿਚ ਹੁਣ ਬਹੁਤੇ ਦਿਨ ਨਹੀਂ ਲਗਣਗੇ। ਉਹ ਇਥੋਂ ਤਕ ਕਹਿਣ ਲਗੇ ਕਿ ਪੰਜਾਬ ਦੇ ਆਉਣ ਵਾਲੇ ਵਸਨੀਕ ਅਜਾਇਬ ਘਰਾਂ ਵਿਚ ਆਪਣੇ ਵਡੇ ਵਡੇਰਿਆਂ ਦੀਆਂ ਤਸਵੀਰਾਂ ਵੇਖ ਵੇਖ ਕੇ ਹੈਰਾਨ ਹੋਇਆ ਕਰਨਗੇ ਕਿ ਉਹਨਾਂ ਦੇ ਸਿੱਖ ਬਜ਼ੁਰਗ ਇਸ ਸ਼ਕਲ ਦੇ ਹੋਇਆ ਕਰਦੇ ਸਨ। ਪਰ ਅੰਗਰੇਜ਼ਾਂ ਦਾ ਇਹ ਖਵਾਬ-ਖਵਾਬ ਹੀ ਰਿਹਾ, ਨਾ ਹੀ ਸਿੱਖ ਧਰਮ ਮੁਕਿਆ ਤੇ ਨਾ ਹੀ ਸਿੱਖ। ਇਸ ਦੇ ਉਲਟ ਅੰਗਰੇਜ਼ ਰਾਜ ਦਾ ਭੋਗ ਪੈ ਗਿਆ। ਪਰ ਸਿੱਖ ਧਰਮ ਅਤੇ ਇਸ ਦੇ ਅਨੁਯਾਈ ਉਸੀ ਤਰ੍ਹਾਂ ਮੌਜੂਦ ਹਨ। ਇਸ ਦਾ ਕਾਰਨ ਵੀ ਚੜ੍ਹਦੀ ਕਲਾ ਵਿਚ ਸਿੱਖਾਂ ਦਾ ਅਮੁਕ ਵਿਸ਼ਵਾਸ ਸੀ। ਪਰ ਬਦਲੇ ਹਾਲਾਤ ਅਨੁਸਾਰ ਸਿੱਖਾਂ ਨੇ ਅਮਲੀ ਤੌਰ ਤੇ

ਚੜ੍ਹਦੀ ਕਲਾ ਦਾ ਜੋ ਸਬੂਤ ਦਿਤਾ ਉਹ ਸਮੇਂ ਦੇ ਬਿਲਕੁਲ ਅਨਕੂਲ ਸੀ। ਧਰਮ ਸੁਧਾਰ ਲਹਿਰਾਂ, ਸਮਾਜ ਸੁਧਾਰ ਲਹਿਰਾਂ, ਗੁਰਦੁਆਰਾ ਸੁਧਾਰ ਲਹਿਰਾਂ, ਗੁਰਦੁਆਰਿਆਂ ਦੀ ਸੁਤੰਤਰਤਾ ਲਈ ਸਿੱਖਾਂ ਦੇ ਮੋਰਚੇ, ਮੋਰਚਿਆਂ ਲਈ ਕੁਰਬਾਨੀਆਂ ਦੇ ਪੁਰਾਣੇ ਇਤਿਹਾਸ ਦੀ ਯਾਦ ਤਾਜ਼ਾ ਕਰ ਦੇਣਾ, ਇਹ ਸਭ ਕੁਝ ਚੜ੍ਹਦੀ ਕਲਾ ਕਾਰਨ ਹੀ ਸੰਭਵ ਹੋ ਸਕਿਆ। ਚੜ੍ਹਦੀ ਕਲਾ ਦੇ ਨਸ਼ੇ ਵਿਚ ਝੂਮਦੇ ਸਿੱਖ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਸ਼ਹੀਦੀਆਂ ਪ੍ਰਾਪਤ ਕਰ ਗਏ ਪਰ ਸਿਦਕੋਂ ਨਾ ਡੋਲੇ ਅਤੇ ਆਪ ਭਾਵੇਂ ਨਾ ਰਹੇ ਪਰ ਗੁਰਦੁਆਰਿਆਂ ਦੀ ਸੁਤੰਤਰਤਾ ਕਾਇਮ ਕਰ ਗਏ। ਸਿੱਖੀ ਦੇ ਸਭਿਆਚਾਰਕ ਕੇਂਦਰਾਂ ਤੋਂ ਵਿਰੋਧੀਆਂ ਤੇ ਜਨਮ ਭਰਿਸ਼ਟਿਆਂ ਦਾ ਅਧਿਕਾਰ ਉਠ ਗਿਆ। ਗੁਰੂ ਕੇ ਬਾਗ ਦੇ ਮੋਰਚੇ ਵਿਚ ਪੁਲੀਸ ਦੇ ਅੰਨ੍ਹੇਵਾਹ ਤਸ਼ਦਦ ਤੇ ਜ਼ਬਰ ਦੇ ਬਾਵਜੂਦ ਸਾਰੀ ਕੌਮ ਬਰਾਬਰ ਅਗੇ ਵਧਦੀ ਰਹੀ। ਜੀਂਦ ਦੇ ਮੋਰਚੇ ਵਿਚ ਨਿਹੱਥੇ ਸੂਰਬੀਰਾਂ ਦੇ ਪਹਿਲੇ ਜੱਥੇ ਨੂੰ ਬਰਤਾਨਵੀਂ ਗੋਲਿਆਂ ਨਾਲ ਭੁੰਨ ਦਿਤਾ ਗਿਆ ਪਰ ਇਹ ਸੁੰਨਸਨੀ-ਖੇਜ ਖਬਰ ਸੁਣਦਿਆਂ ਸਾਰ ਦੂਜਾ ਜਥਾ ਮੌਤ ਰਾਣੀ ਨੂੰ ਗਲਵਕੜੀ ਪਾਉਣ ਲਈ ਇਕ ਦੂਜੇ ਤੋਂ ਵੱਧ ਚੜ੍ਹ ਕੇ ਤਿਆਰੀਆਂ ਕਰਨ ਲਗਾ। ਇਹ ਸਭ ਕੁਝ ਚੜ੍ਹਦੀ ਕਲਾ ਵਿਚ ਦ੍ਰਿੜ ਵਿਸ਼ਵਾਸ਼ ਸਦਕੇ ਹੀ ਹੋ ਸਕਿਆ।

ਸਿੱਖਾਂ ਨੇ ੧੮੪੯ ਵਿਚ ਆਪਣੀ ਆਜ਼ਾਦੀ ਨੂੰ ਕਾਇਮ ਰਖਣ ਲਈ ਅੰਗਰੇਜ਼ਾਂ ਦੇ ਰਣ ਭੂਮੀ ਵਿਚ ਜਿਸ ਤਰ੍ਹਾਂ ਆਹੂ ਲਾਹੇ, ਵੈਰੀ ਵੀ ਉਸ ਤੋਂ ਕੰਬ ਉਠੇ ਅਤੇ ਇਹ ਕਹਿਣ ਤੇ ਮਜਬੂਰ ਹੋ ਗਏ ਕਿ ਜੇ ਉਨ੍ਹਾਂ ਨੂੰ ਭਾਰਤ ਵਿਚ ਇਕ ਵੀ ਹੋਰ ਅਜਿਹੀ ਲੜਾਈ ਲੜਨੀ ਪਏ ਤਾਂ ਸ਼ਾਇਦ ਬਰਤਾਨਵੀ ਟਾਪੂ ਵਿਚ ਵੀ ਉਨ੍ਹਾਂ ਦਾ ਰਾਜ ਕਾਇਮ ਨਾ ਰਹਿ ਸਕੇ। ਸਿੱਖ ਨਿਰਸੰਦੇਹ ਹਾਰ ਗਏ ਸਨ, ਪਰ ਜਿਤੇ ਹੋਏ ਅੰਗਰੇਜ਼ ਆਪਣੀ ਜਿੱਤ ਤੋਂ ਵੀ ਭੈ-ਭੀਤ ਹੋਏ ਹੋਏ ਸਨ। ਜਦ ਭਾਰਤ ਨੂੰ ਬਰਤਾਨਵੀ ਸਾਮਰਾਜ ਤੋਂ ਸੁਤੰਤਰ ਕਰਾਣ ਦਾ ਸਮਾਂ ਆਇਆ ਤਾਂ ਸਿੱਖਾਂ ਨੇ ਫਿਰ ਚੇਲਿਆਂ ਵਾਲਾ ਦੀ ਯਾਦ ਤਾਜ਼ੀ ਕਰਾ ਦਿਤੀ। ਭਾਰਤ ਸੁਤੰਤਰਤਾ ਲਈ ਜੇ ਸਿੱਖ ਸ਼ਹੀਦਾਂ ਦਾ ਉਨ੍ਹਾਂ ਦੀ ਗਿਣਤੀ ਅਨੁਸਾਰ ਅਨੁਪਾਤ ਕਢਿਆ ਜਾਏ ਤਾਂ ਬਾਕੀ ਦੀਆਂ ਸਾਰੀਆਂ ਕੌਮਾਂ ਨਾਲੋਂ ਸਿੱਖ ਸਹੀਦਾਂ ਦੀ ਗਿਣਤੀ ਕਿਤੇ ਜ਼ਿਆਦਾ ਦਿਸਦੀ ਹੈ। ਦੇਸ਼ ਦੀ ਸੁਤੰਤਰਤਾ ਵਿਚ ਇਨ੍ਹਾਂ ਸਿੱਖ ਸੂਰਮਿਆਂ ਨੂੰ ਮਹੱਤਵ ਪੂਰਨ ਦਰਜਾ ਪ੍ਰਾਪਤ ਹੈ। ਇਹ ਸਭ ਕੁਝ

ਚੜ੍ਹਦੀ ਕਲਾ ਦੇ ਸਮੁਚੇ ਕੌਮ ਦੇ ਅਟਲ ਵਿਸ਼ਵਾਸ਼ ਸਦਕਾ ਹੀ ਹੋਂਦ ਵਿਚ ਆ ਸਕਿਆ ਹੈ।

ਅੰਤ ਵਿਚ ਫਿਰ ਇਹ ਦੁਹਰਾਣਾ ਅਤਿਅੰਤ ਜ਼ਰੂਰੀ ਹੈ ਕਿ ਚੜ੍ਹਦੀ ਕਲਾ ਸਿੱਖ ਧਰਮ ਦਾ ਹੀ ਇਕ ਅਟੁੱਟ ਅੰਗ ਹੈ ਜਿਹੜੀ ਨਿਰਾਸਤਾ ਤੇ ਹੀਣ ਭਾਵਨਾ ਨੂੰ ਕਿਤੇ ਨੇੜੇ ਨਹੀਂ ਫਟਕਣ ਦੇਂਦੀ ਅਤੇ ਹਰ ਸਿੱਖ ਨੂੰ ਇਕ ਆਸ਼ਾਵਾਦੀ ਭਵਿਖਤ ਦਾ ਸਦਾ ਮੁਦੱਈ ਬਣਾਈ ਰਖਦੀ ਹੈ ਪਰ ਚੜ੍ਹਦੀ ਕਲਾ ਦੇ ਇਸ ਸੰਕਲਪ ਦੁਆਲੇ ਧਰਮ ਦੀ ਜੋ ਸਦੀਵੀ ਹਦ ਬੰਨ ਦਿਤੀ ਗਈ ਹੈ, ਉਹੋ ਹੀ ਵਾਸਤਵ ਵਿਚ ਸਿੱਖ ਦੀ ਸਫਲਤਾ ਦਾ ਸਭ ਤੋਂ ਵਡਾ ਕਾਰਨ ਹੈ ਅਤੇ ਇਹੀ ਉਹ ਰਾਜ ਹੈ ਜੋ ਸਿੱਖ ਨੂੰ ਮਨੁੱਖਤਾ ਦਾ ਸਭ ਤੋਂ ਵਡਾ ਮਿਤਰ ਬਣਾਉਂਦਾ ਹੈ। ਮਾਨਸ ਕੀ ਜਾਤ ਨੂੰ ਸਮਾਨ ਕਰ ਕੇ ਜਾਨਣ ਦਾ ਉਪਦੇਸ਼ ਦਿੰਦਾ ਹੈ।

# ਕੇਂਦਰੀ ਸ੍ਰੀ ਗੁਰੂ ਸਿੰਘ ਸਭਾ
# ਦੇ ਮਨੋਰਥ ਤੇ ਮਿਥੇ ਨਿਸ਼ਾਨੇ

੧. ਜਾਪ ਪਾਤ, ਛੂਤ ਛਾਤ, ਨੀਚ ਊਚ ਦੇ ਭੇਦ ਅਮਲੀ ਤੌਰ ਤੇ ਦੂਰ ਕੀਤੇ ਜਾਣ।

੨. ਰਹਿਤ ਮਰਯਾਦਾ ਦੀ ਮਹੱਤਤਾ ਦਸ ਕੇ ਸਿੱਖ ਨੌਜਵਾਨਾਂ ਅੰਦਰ ਸਿੱਖੀ ਲਈ ਇਕ ਗੌਰਵ ਪੈਦਾ ਕੀਤਾ ਜਾਵੇ।

੩. ਹਰੇਕ ਪਿੰਡ ਵਿਚ, ਨਗਰ ਤੇ ਕਸਬੇ ਵਿਚ ਸਿੰਘ ਸਭਾਵਾਂ ਕਾਇਮ ਕੀਤੀਆਂ ਜਾਣ।

੪. ਹਰੇਕ ਸਿੰਘ ਸਭਾ ਆਪਣਾ ਇਕ ਸਾਲਾਨਾ ਜੋੜ ਮੇਲਾ ਕੀਤਾ ਕਰੇ।

੫, ਹਰੇਕ ਸਿੰਘ ਸਭਾ ਵਿਚ ਹਰ ਰੋਜ਼ ਸਿੱਖ ਇਤਿਹਾਸ ਦਾ ਪਾਠ ਹੋਵੇ।

੬. ਹਰੇਕ ਦੇਸ ਪ੍ਰਦੇਸ ਵਿਚ ਸਿੰਘ ਸਭਾ ਕਮੇਟੀ ਕਾਇਮ ਕੀਤੀ ਜਾਵੇ।

੭. ਪੰਜਾਬ ਦੇ ਹਰੇਕ ਜ਼ਿਲੇ ਵਿਚ ਜ਼ਿਲਾ ਕਮੇਟੀਆਂ ਕਾਇਮ ਕੀਤੀਆਂ ਜਾਣ।

੮. ਸਕੂਲਾਂ ਤੇ ਕਾਲਜਾਂ ਵਿਚ ਸਿੱਖੀ ਬਾਰੇ ਵਿਦਵਾਨਾਂ ਦੇ ਵਾਸ਼ਨਾਂ ਦੀ ਲੜੀ ਜਾਰੀ ਕੀਤੀ ਜਾਵੇ।

੯. ਸਕੂਲਾਂ ਤੇ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਲਈ ਸ਼ਬਦ ਗਾਇਨ, ਬਾਣੀ ਕੰਠਾਗਰ ਅਤੇ ਸਿੱਖੀ ਬਾਰੇ ਭਾਸ਼ਣਾਂ ਲਈ ਇਨਾਮ ਰਖੇ ਜਾਣ।

੧੦. ਵਾਧੂ ਰਸਮਾਂ, ਭੰਗੜੇ, ਜੈ ਮਾਲਾ, ਪਿੰਡ-ਪਤਲ, ਵੂਹੜੀ ਆਦਿ ਰੀਤਾਂ ਤੋਂ ਬੱਚਿਆ ਜਾਏ।

੧੧. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਵੀ ਵਿਅਕਤੀ ਦੀ ਪੂਜਾ ਅਤੇ ਪੈਰੀਂ ਹੱਥ ਨਾ ਲਗਾਏ ਜਾਣ।

੧੨. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਲੀਡਰ ਨੂੰ ਜ਼ਿੰਦਾਬਾਦ ਜਾਂ ਮੁਰਦਾਬਾਦ ਨਾ ਕਿਹਾ ਜਾਏ।

੧੩. ਹਰ ਗੁਰਦੁਆਰੇ ਵਿਚ ਸਿੱਖ ਧਰਮ ਸਬੰਧੀ ਪੁਸਤਕਾਂ ਦੀਆਂ ਲਾਇਬ੍ਰੇਰੀਆਂ ਸਥਾਪਤ ਕੀਤੀਆਂ ਜਾਣ।

੧੪. ਹਰ ਗੁਰਦੁਆਰੇ ਲਈ ਸਿਖਅਤ ਗ੍ਰੰਥੀਆਂ ਦੇ ਪ੍ਰਬੰਧ ਕੀਤੇ ਤੇ ਕਰਾਏ ਜਾਣ।

੧੫. ਸਾਰੀਆਂ ਸਿੰਘ ਸਭਾਵਾਂ ਤੇ ਇਹ ਲਹਿਰ ਦੇ ਸੇਵਕਾਂ ਦੇ ਇਤਿਹਾਸ ਤੇ ਸੇਵਾ ਦਾ ਰੀਕਾਰਡ ਸੰਭਾਲਿਆ ਜਾਵੇ।

੧੬. ਗੁਰੂ ਗ੍ਰੰਥ ਸਾਹਿਬ ਜੀ ਦਾ 'ਗੁਰਿਆਈ ਪੁਰਬ' ਧੂਮ ਧਾਮ ਨਾਲ ਮਨਾਇਆ ਜਾਇਆ ਕਰੇ।

੧੭. ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ, ਕਥਾ, ਕੀਰਤਨ ਤੇ ਹੋਰ ਕਾਰਜ ਬਿਨਾਂ ਭਾੜੇ ਦੇ ਆਪ ਕੀਤੇ ਤੇ ਕਰਾਏ ਜਾਣ।

National Press of India, Chandni Chowk, Delhi-11000-6

# ਗੁਰਮਤਿ ਪ੍ਰਚਾਰ ਕੇਂਦਰ

ਗੁਰਮਤ ਗਿਆਨ ਦੇ ਅਭਿਲਾਖੀਆਂ, ਗ੍ਰੰਥੀਆਂ, ਪ੍ਰਚਾਰਕਾਂ ਅਤੇ ਗੁਰਮਤ ਸਮਝਾਉਣ/ਸਮਝਣ ਦੀ ਲੋਚਾ ਰਖਣ ਵਾਲੇ ਸਜਣਾਂ ਨੂੰ ਗੁਰਮਤ ਗਿਆਨ ਤੇ ਸਿਖੀ ਦੇ ਵਖੋ-ਵਖਰੇ ਅੰਗਾਂ ਤੋਂ ਜਾਣੂ ਕਰਾਉਣ ਹਿਤ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਮਾਸਕ ਪੱਧਰ ਤੇ ਉਚੇਚੇ ਸਦੇ ਤੇ ਵਿਦਵਾਨਾਂ ਵਲੋਂ ਨਿਯਤ ਵਿਸ਼ਿਆਂ ਤੇ ਲੈਕਚਰਾਂ ਦਾ ਪ੍ਰਬੰਧ ਕਰਨ ਲਈ ਮਈ/ਜੂਨ, ੧੯੭੭ ਤੋਂ ਦੋ ਕੇਂਦਰ ਦਿਲੀ ਅਤੇ ਚੰਡੀਗੜ੍ਹ ਵਿਖੇ ਅਰੰਭ ਕਰ ਰਹੀ ਹੈ । ਲੈਕਚਰ ਛਪਵਾ ਕੇ ਵੰਡੇ ਵੀ ਜਾਇਆ ਕਰਨਗੇ ।

# ਕੇਂਦਰੀ ਸ੍ਰੀ ਗੁਰੂ ਸਿੰਘ ਸਭਾ

ਦਾ ਮਾਸਕ ਪੱਤਰ

# ਸਿੰਘ ਸਭਾ ਪੱਤ੍ਰਿਕਾ

ਸਾਲਾਨਾ ਚੰਦਾ ੧੫ ਰੁਪਏ ਦੇਸ

੩੦ ਰੁਪਏ ਪ੍ਰਦੇਸ

ਪ੍ਰਤੀ ਕਾਪੀ : ੫ ਰੁਪਏ

ਲਾਈਫ਼ ਮੈਂਬਰ : ੨੫੦ ਰੁਪਏ ਦੇਸ

੬੦੦ ਰੁਪਏ ਵਿਦੇਸ਼ (ਸਮੁੰਦਰੀ ਡਾਕ)

ਸੰਪਾਦਿਕ

ਸਿੰਘ ਸਭਾ ਪਤ੍ਰਿਕਾ

ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ, ਅੰਮ੍ਰਿਤਸਰ